# ਪਾਠ-2 ਆਪਣੇ-ਆਪਣੇ ਥਾਂ ਸਾਰੇ ਚੰਗੇ
## (ਕਹਾਣੀਕਾਰ - ਸ੍ਰੀਮਤੀ ਅੰਮ੍ਰਿਤਾ ਪ੍ਰੀਤਮ)

**ਪ੍ਰ.1 ਰਸੋਈ ਦੀ ਅਲਮਾਰੀ ਦੇ ਲਿਫ਼ਾਫ਼ਿਆਂ ਵਿੱਚ ਕਿਹੜੀਆਂ-ਕਿਹੜੀਆਂ ਚੀਜ਼ਾਂ ਪਈਆਂ ਸਨ?**
ਉ. ਰਸੋਈ ਦੀ ਅਲਮਾਰੀ ਵਿੱਚ ਇਲਾਚੀ, ਸੌਂਫ, ਜਵੈਣ, ਅੰਬਚੂਰ ਅਤੇ ਅਨਾਰਦਾਣਾ ਆਦਿ ਚੀਜ਼ਾਂ ਪਈਆਂ ਸਨ।

**ਪ੍ਰ.2 ਇਲਾਚੀ ਨੂੰ ਕਿਸ ਗੱਲ ਦਾ ਘੁਮੰਡ ਸੀ?**
ਉ. ਇਲਾਚੀ ਨੂੰ ਸੁੰਦਰ ਅਤੇ ਮਹਿੰਗੀ ਹੋਣ ਦਾ ਘੁਮੰਡ ਸੀ।

**ਪ੍ਰ.3 ਸੌਂਫ ਤੇ ਜਵੈਣ ਵਿੱਚ ਕਿਹੜੇ-ਕਿਹੜੇ ਗੁਣ ਹੁੰਦੇ ਹਨ।**
ਉ. ਸੌਂਫ ਤੇ ਜਵੈਣ ਖਾਣ ਨਾਲ ਪੇਟ ਦਰਦ ਹਟ ਜਾਂਦਾ ਹੈ। ਵੈਦ ਹਕੀਮ ਆਪਣੀ ਦਵਾਈ ਵਿੱਚ ਇਹਨਾਂ ਦੀ ਵਰਤੋਂ ਕਰਦੇ ਹਨ।

**ਪ੍ਰ.4 ਅੰਬਚੂਰ ਕਿਸ ਕੰਮ ਆਉਂਦਾ ਹੈ?**
ਉ. ਅੰਬਚੂਰ ਖਟਿਆਈ ਦੇ ਕੰਮ ਆਉਂਦਾ ਹੈ।

**ਪ੍ਰ.5 ਅਨਾਰਦਾਣਾ ਕਿਹੜੇ ਦੇਸ਼ ਤੋਂ ਆਇਆ ਸੀ ਅਤੇ ਇਸ ਦੀ ਵਰਤੋਂ ਕਿਸ ਚੀਜ਼ ਵਿੱਚ ਹੁੰਦੀ ਹੈ?**
ਉ. ਅਨਾਰਦਾਣਾ ਕਸ਼ਮੀਰ ਤੋਂ ਆਇਆ ਸੀ ਇਸ ਦੀ ਵਰਤੋਂ ਚਟਣੀ ਬਣਾਉਣ ਲਈ ਕੀਤੀ ਜਾਂਦੀ ਹੈ।

**ਪ੍ਰ.6 ਪੂਦਨੇ ਦਾ ਇਲਾਚੀ ਤੇ ਦੂਜੀਆਂ ਚੀਜ਼ਾਂ ਬਾਰੇ ਕੀ ਵਿਚਾਰ ਸੀ?**
ਉ. ਪੂਦਨੇ ਦਾ ਵਿਚਾਰ ਸੀ ਕਿ ਇਲਾਚੀ ਦੂਜੀਆਂ ਚੀਜ਼ਾਂ ਦੇ ਮੁਕਾਬਲੇ ਘੁਮੰਡੀ ਹੈ।

**ਪ੍ਰ.7 ਪੂਦਨੇ ਨੇ ਕੀ ਗੱਲ ਕੀਤੀ ਸੀ ਅਤੇ ਪੂਦਨੇ ਦੀ ਗੱਲ ਸੁਣ ਕੇ ਸਾਰਿਆਂ ਨੇ ਕੀ ਵਚਨ ਦਿੱਤਾ?**
ਉ. ਪੂਦਨੇ ਨੇ ਰਲ ਮਿਲ ਕੇ ਰਹਿਣ ਦੀ ਗੱਲ ਕੀਤੀ ਅਤੇ ਸਭ ਨੇ ਇੱਕ ਹੋ ਕੇ ਰਹਿਣ ਦਾ ਵਚਨ ਦਿੱਤਾ।

# ਪਾਠ-3 ਮਹਾਤਮਾ ਗਾਂਧੀ
## (ਕਹਾਣੀਕਾਰ - ਸ੍ਰੀਮਤੀ ਨਿਤਾਸ਼ਾ ਕੋਹਲੀ)

**ਪ੍ਰ. 1 ਮਹਾਤਮਾ ਗਾਂਧੀ ਜੀ ਦਾ ਪੂਰਾ ਨਾਂ ਕੀ ਹੈ?**
ਉ. ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਪੂਰਾ ਨਾਂ ਮੋਹਨ ਦਾਸ ਕਰਮਚੰਦ ਗਾਂਧੀ ਸੀ।

**ਪ੍ਰ.2 ਮਹਾਤਮਾ ਗਾਂਧੀ ਜੀ ਨੇ ਕਿਹੜਾ ਮਾਰਗ ਚੁਣਿਆ?**
ਉ. ਮਹਾਤਮਾ ਗਾਂਧੀ ਜੀ ਨੇ ਸਚਾਈ ਅਤੇ ਅਹਿੰਸਾ ਦਾ ਮਾਰਗ ਚੁਣਿਆ ਅਤੇ ਜੀਵਨ ਭਰ ਇਸ ਰਸਤੇ ਤੇ ਹੀ ਚੱਲਦੇ ਰਹੇ।

**ਪ੍ਰ.3 ਮਹਾਤਮਾ ਗਾਂਧੀ ਜੀ ਨੇ ਬਚਪਨ ਵਿੱਚ ਕਿਹੜਾ ਨਾਟਕ ਦੇਖਿਆ ਸੀ ਅਤੇ ਉਹਨਾਂ ਦੇ ਮਨ ਉੱਤੇ ਉਸ ਨਾਟਕ ਦਾ ਕਿਹੋ-ਜਿਹਾ ਪ੍ਰਭਾਵ ਪਿਆ ਸੀ?**
ਉ. ਮਹਾਤਮਾ ਗਾਂਧੀ ਜੀ ਨੇ ਬਚਪਨ ਵਿੱਚ ਹਰੀਸ਼ਚੰਦਰ ਨਾਟਕ ਦੇਖਿਆ। ਨਾਟਕ ਦੇਖਣ ਤੋਂ ਬਾਅਦ ਉਹ ਹਰੀਸ਼ਚੰਦਰ ਦੇ ਚਰਿੱਤਰ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਹਨਾਂ ਦੇ ਮਨ ਉੱਪਰ ਹਰੀਸ਼ਚੰਦਰ ਦੇ ਸੱਤਿਆਵਾਦੀ ਸੁਭਾਅ ਦਾ ਬਹੁਤ ਅਸਰ ਹੋਇਆ।

**ਪ੍ਰ.4 ਗਾਂਧੀ ਜੀ ਦੇ ਮਨ ਉੱਤੇ ਸਰਵਣ ਦੀ ਪਿਤਰੀ-ਭਗਤੀ ਦਾ ਕੀ ਅਸਰ ਹੋਇਆ?**
ਉ. ਗਾਂਧੀ ਜੀ ਸਰਵਣ ਦੇ ਮਨ ਵਿੱਚ ਆਪਣੇ ਮਾਤਾ-ਪਿਤਾ ਪ੍ਰਤੀ ਸੇਵਾ ਭਾਵਨਾ ਦੇਖ ਕੇ ਬਹੁਤ ਪ੍ਰਭਾਵਿਤ ਹੋਏ, ਉਹ ਮਾਤਾ-ਪਿਤਾ ਦੀ ਸੇਵਾ ਨੂੰ ਪਰਮ-ਧਰਮ ਮੰਨਣ ਲੱਗੇ।

**ਪ੍ਰ.5 ਗਾਂਧੀ ਜੀ ਨੇ ਸਕੂਲ ਵਿੱਚ ਨਕਲ ਕਿਉਂ ਨਹੀਂ ਕੀਤੀ?**
ਉ. ਕਿਉਂਕਿ ਗਾਂਧੀ ਜੀ ਨੇ ਬਚਪਨ ਵਿੱਚ ਹੀ ਮਹਿਸੂਸ ਕਰ ਲਿਆ ਸੀ ਕਿ ਨਕਲ ਕਰਨਾ ਠੀਕ ਨਹੀਂ ਨਕਲ ਕਰਕੇ ਅਸੀਂ ਆਪਣੇ-ਆਪ ਨੂੰ ਧੋਖਾ ਦਿੰਦੇ ਹਾਂ।

**ਪ੍ਰ.6 ਮਹਾਤਮਾ ਗਾਂਧੀ ਜੀ ਨੇ ਆਪਣੀ ਮਾਂ ਨੂੰ ਕਿਹੜਾ ਵਚਨ ਦਿੱਤਾ ਸੀ?**
ਉ. ਮਹਾਤਮਾ ਗਾਂਧੀ ਜੀ ਨੇ ਆਪਣੀ ਮਾਂ ਨੂੰ ਵਚਨ ਦਿੱਤਾ ਕਿ ਉਹ ਮਾਸ ਅਤੇ ਸ਼ਰਾਬ ਦਾ ਸੇਵਨ ਨਹੀਂ ਕਰਨਗੇ।

ਪ੍ਰ.7 ਮਹਾਤਮਾ ਗਾਂਧੀ ਜੀ ਦੇ ਤਿੰਨ ਬਾਂਦਰ ਕੀ ਸਿੱਖਿਆ ਦਿੰਦੇ ਹਨ?
ਉ. ਮਹਾਤਮਾ ਗਾਂਧੀ ਜੀ ਦੇ ਤਿੰਨ ਬਾਂਦਰ ਅਲੱਗ-ਅਲੱਗ ਤਰ੍ਹਾਂ ਦੀ ਸਿੱਖਿਆ ਦਿੰਦੇ ਹਨ:-

1. ਪਹਿਲਾ ਬਾਂਦਰ ਬੁਰਾ ਨਾ ਬੋਲਣ ਦਾ ਸੰਦੇਸ਼ ਦਿੰਦਾ ਹੈ।
2. ਦੂਸਰਾ ਬਾਂਦਰ ਬੁਰਾ ਨਾ ਦੇਖਣ ਦਾ ਸੰਦੇਸ਼ ਦਿੰਦਾ ਹੈ।
3. ਤੀਸਰਾ ਬਾਂਦਰ ਬੁਰਾ ਨਾ ਸੁਣਨ ਦਾ ਸੰਦੇਸ਼ ਦਿੰਦਾ ਹੈ।

## ਪਾਠ-5 ਲਿਫ਼ਾਫ਼ੇ
## (ਕਹਾਣੀਕਾਰ - ਸ੍ਰੀ ਰਮੇਸ਼ ਭਾਰਤੀ)

ਪ੍ਰ.1 ਬੱਚੇ ਸਕੂਲ ਤੋਂ ਬਾਹਰ ਕੀ ਕਰਨ ਗਏ ਸਨ?
ਉ. ਬੱਚੇ ਸਕੂਲ ਤੋਂ ਬਾਹਰ ਮਾਸਟਰ ਜੀ ਦੀ ਆਗਿਆ ਨਾਲ ਬੋਰੀਆਂ ਲੈ ਕੇ, ਇੱਧਰ-ਉੱਧਰ ਉੱਡ ਰਹੇ ਵਾਧੂ ਲਿਫ਼ਾਫ਼ੇ ਇਕੱਠੇ ਕਰਨ ਗਏ ਸੀ, ਤਾਂ ਕਿ ਪਿੰਡ ਦਾ ਆਲਾ-ਦੁਆਲਾ ਸਾਫ਼ ਰਹਿ ਸਕੇ।

ਪ੍ਰ.2 ਮੋਮਜਾਮੇ ਦੇ ਲਿਫ਼ਾਫ਼ੇ ਵਾਤਾਵਰਨ ਨੂੰ ਕਿਵੇਂ ਦੂਸ਼ਿਤ ਕਰਦੇ ਹਨ?
ਉ. ਮੋਮਜਾਮੇ ਦੇ ਲਿਫ਼ਾਫ਼ੇ ਨਾ ਗਲਦੇ ਹਨ, ਨਾ ਹੀ ਸੜਦੇ ਹਨ ਸਗੋਂ ਨਾਲੀਆਂ ਵਿੱਚ ਫਸ ਕੇ ਸੜਾਂਦ ਮਾਰਦੇ ਹਨ।ਬਲਣ ਤੇ ਜ਼ਹਿਰੀਲੀ ਗੈਸ ਪੈਦਾ ਕਰ ਕੇ ਵਾਤਾਵਰਨ ਦੂਸ਼ਿਤ ਕਰਦੇ ਹਨ। ਜ਼ਮੀਨ ਵਿੱਚ ਦੱਬ ਕੇ ਉਪਜਾਊ ਸ਼ਕਤੀ ਘਟਾਉਂਦੇ ਹਨ।

ਪ੍ਰ.3 ਘਰ ਦਾ ਕੂੜਾ-ਕਰਕਟ ਲਿਫ਼ਾਫ਼ਿਆਂ ਵਿੱਚ ਪਾ ਕੇ ਬਾਹਰ ਕਿਉਂ ਨਹੀਂ ਸੁੱਟਣਾ ਚਾਹੀਦਾ?
ਉ. ਕਿਉਂਕਿ ਘਰ ਦੇ ਕੂੜੇ-ਕਰਕਟ ਵਿੱਚ ਕੋਈ ਨਾ ਕੋਈ ਤਿੱਖੀ ਚੀਜ਼ ਸੁੱਟੀ ਜਾਂਦੀ ਹੈ। ਜਦੋਂ ਅਸੀਂ ਇਹ ਕੂੜਾ ਬਾਹਰ ਸੁੱਟਦੇ ਹਾਂ ਤਾਂ ਬਾਹਰ ਫਿਰਦੇ ਜਾਨਵਰ ਇਸ ਕੂੜੇ ਅੰਦਰ ਮੂੰਹ ਮਾਰਦੇ ਹਨ ਅਤੇ ਤਿੱਖੀ ਚੀਜ਼ ਉਹਨਾਂ ਦੀ ਭੋਜਨ ਨਾਲੀ ਵਿੱਚ ਜਖ਼ਮ ਕਰਦੀ ਹੈ। ਇਸ ਨਾਲ ਜਾਨਵਰਾਂ ਦੀ ਮੌਤ ਹੋ ਜਾਂਦੀ ਹੈ।

ਪ੍ਰ.4 ਲਿਫ਼ਾਫ਼ਿਆਂ ਦੀ ਵਰਤੋਂ ਬਾਰੇ ਸਰਕਾਰ ਕੀ ਕਰ ਰਹੀ ਹੈ?
ਉ. ਲਿਫ਼ਾਫ਼ਿਆਂ ਦੀ ਵਰਤੋਂ ਤੇ ਸਰਕਾਰ ਕਾਨੂੰਨੀ ਤੌਰ ਤੇ ਰੋਕ ਲਗਾ ਰਹੀ ਹੈ। ਉਦਾਹਰਣ ਵੱਜੋਂ ਖਾਸ ਤੌਰ ਤੇ ਸੈਰ-ਸਪਾਟੇ ਵਾਲੀਆਂ ਥਾਵਾਂ ਜਿਵੇਂ ਕਿ ਹਿਮਾਚਲ ਪ੍ਰਦੇਸ਼ ਵਿੱਚ ਲਿਫ਼ਾਫ਼ਿਆਂ ਦੀ ਵਰਤੋਂ ਬਿਲਕੁਲ ਬੰਦ ਹੈ।

ਪ੍ਰ.5 ਲਿਫ਼ਾਫ਼ਿਆਂ ਦੀਆਂ ਬੋਰੀਆਂ ਲਿਆ ਰਹੇ ਬੱਚਿਆਂ ਨੂੰ ਦੇਖ ਕੇ ਬਾਬਾ ਕਾਹਨ ਸਿੰਘ ਨੇ ਕੀ ਕਿਹਾ?
ਉ. ਲਿਫ਼ਾਫ਼ਿਆਂ ਦੀਆਂ ਬੋਰੀਆਂ ਲਿਆ ਰਹੇ ਬੱਚਿਆਂ ਨੂੰ ਬਾਬਾ ਕਾਹਨ ਸਿੰਘ ਨੇ ਕਿਹਾ, ਸ਼ਾਬਾਸ਼ ਮੁੰਡਿਓ! ਆਹ ਤਾਂ ਵੱਡੀ ਮੱਲ ਮਾਰੀ ਐ ਅੱਜ ਅਤੇ ਉਹਨਾਂ ਦੇ ਸਿਰਾਂ ਤੇ ਹੱਥ ਫੇਰਦੇ ਅੱਗੇ ਚਲੇ ਗਏ।

ਪ੍ਰ.6 ਪਲਾਸਟਿਕ ਜਾਂ ਮੋਮਜਾਮੇ ਦੇ ਲਿਫ਼ਾਫ਼ੇ ਹੋਰ ਕਿਹੜੀ ਥਾਂ ਤੇ ਨੁਕਸਾਨ ਪਹੁੰਚਾਉਂਦੇ ਹਨ?
ਉ. ਪਲਾਸਟਿਕ ਜਾਂ ਮੋਮਜਾਮੇ ਦੇ ਲਿਫ਼ਾਫ਼ੇ ਜ਼ਮੀਨ ਵਿੱਚ ਦੱਬ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਘਟਾਉਂਦੇ ਹਨ।

## ਪਾਠ-6 ਬਾਬਾ ਬੁੱਢਾ ਜੀ
## (ਲੇਖਕ- ਪ੍ਰੋ: ਜਗਦੀਸ਼ ਸਿੰਘ)

ਪ੍ਰ.1 ਬੂੜੇ ਨਾਂ ਦਾ ਬਾਲਕ ਕੀ ਕਰਦਾ ਹੁੰਦਾ ਸੀ?
ਉ. ਬੂੜੇ ਨਾਂ ਦਾ ਇੱਕ ਬਾਲਕ ਗਊਆਂ ਚਰਾਉਂਦਾ ਫਿਰਦਾ ਸੀ। ਜੰਗਲਾਂ ਵਿੱਚ ਸਾਰਾ ਦਿਨ ਵਾਗੀਆਂ ਵਾਂਗ ਫਿਰਦਾ ਰਹਿੰਦਾ।ਤਕਾਲਾਂ ਪੈਂਦੀਆਂ ਤਾਂ ਵੱਗ ਨੂੰ ਹਿੱਕ ਕੇ ਘਰ ਲੈ ਜਾਂਦਾ।

ਪ੍ਰ.2 ਬੂੜਾ ਉਦਾਸ ਕਿਉਂ ਰਹਿੰਦਾ ਸੀ?
ਉ. ਬੂੜਾ ਮੌਤ ਦੇ ਡਰ ਕਾਰਨ ਉਦਾਸ ਰਹਿੰਦਾ ਸੀ। ਉਸ ਨੂੰ ਵਾਰ-ਵਾਰ ਵੱਡੀਆਂ ਛੋਟੀਆਂ ਲੱਕੜਾਂ ਦੇ ਬਲਣ ਵਾਲੀ ਘਟਨਾ ਅਤੇ ਕੱਚੀ-ਪੱਕੀ ਫ਼ਸਲ ਵੱਢੀ ਜਾਣ ਵਾਲੀ ਘਟਨਾ ਯਾਦ ਅਉਂਦੀ ਸੀ।

ਪ੍ਰ.3 ਗੁਰੂ ਸਾਹਿਬ ਨੇ ਬੂੜੇ ਨੂੰ ਕਿਸ ਚੀਜ਼ ਦੀ ਦਾਤ ਬਖ਼ਸ਼ੀ ਅਤੇ ਉਸ ਦਾ ਕੀ ਨਾਂ ਰੱਖਿਆ?
ਉ. ਗੁਰੂ ਸਾਹਿਬ ਨੇ ਬੂੜੇ ਨੂੰ ਗੁਰਸਿੱਖੀ ਦੀ ਦਾਤ ਬਖ਼ਸ਼ੀ ਅਤੇ ਉਸ ਦਾ ਨਾਂ ਬਾਬਾ ਬੁੱਢਾ ਜੀ ਰੱਖਿਆ।

ਪ੍ਰ.4 ਬਾਬਾ ਬੁੱਢਾ ਜੀ ਨੇ ਛੇਵੇਂ ਗੁਰੂ ਤੇ ਉਹਨਾਂ ਦੇ ਬੱਚਿਆਂ ਨੂੰ ਕਿਸ ਪ੍ਰਕਾਰ ਦੀ ਸਿੱਖਿਆ ਦਿੱਤੀ ਸੀ?
ਉ. ਬਾਬਾ ਬੁੱਢਾ ਜੀ ਨੇ ਗੁਰੂ ਜੀ ਅਤੇ ਉਹਨਾਂ ਦੇ ਬੱਚਿਆਂ ਨੂੰ ਪੜ੍ਹਾਈ-ਲਿਖਾਈ ਅਤੇ ਸ਼ਸਤਰ ਵਿੱਦਿਆ ਦੀ ਸਿੱਖਿਆ ਦਿੱਤੀ।

**ਪ੍ਰ.5 ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਕੀ ਅਸੀਸ ਦਿੱਤੀ?**
ਉ. ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਅਸੀਸ ਦਿੰਦਿਆ ਕਿਹਾ ਤੇਰੇ ਘਰ ਅਜਿਹਾ ਪੁੱਤਰ ਜਨਮ ਲਵੇਗਾ, ਜੋ ਦੁਸ਼ਮਣਾਂ ਦੇ ਸਿਰ ਇਸ ਤਰ੍ਹਾਂ ਭੰਨੇਗਾ ਜਿਵੇਂ ਮੁੱਕੀ ਮਾਰ ਕੇ ਗੰਢਾ ਭੰਨਿਆ ਜਾਂਦਾ ਹੈ।

**ਪ੍ਰ.6 ਬਾਬਾ ਬੁੱਢਾ ਜੀ ਨੇ ਹਰਿਮੰਦਰ ਸਾਹਿਬ ਵਿਖੇ ਕਿਸ ਪ੍ਰਕਾਰ ਦੀ ਸੇਵਾ ਕੀਤੀ?**
ਉ. ਬਾਬਾ ਬੁੱਢਾ ਜੀ ਨੇ ਹਰਿਮੰਦਰ ਸਾਹਿਬ ਵਿਖੇ ਪਹਿਲੇ ਗ੍ਰੰਥੀ ਵਜੋਂ ਸੇਵਾ ਕੀਤੀ।

## ਪਾਠ-8 ਸਾਰਾ ਜੱਗ ਨਹੀਂ ਜਿੱਤਿਆ ਜਾਂਦਾ
## (ਕਹਾਣੀਕਾਰ - ਸ੍ਰੀਮਤੀ ਨਿਤਾਸ਼ਾ ਕੋਹਲੀ)

**ਪ੍ਰ.1 ਕੁੜੀਆਂ, ਕਿਸਾਨ ਤੇ ਉਸ ਦੇ ਪੁੱਤਰ ਨੂੰ ਦੇਖ ਕੇ ਕਿਉਂ ਹੱਸੀਆਂ ਸਨ?**
ਉ. ਕੁੜੀਆਂ ਦੋਵਾਂ ਨੂੰ ਦੇਖ ਕੇ ਹੱਸ ਪਈਆਂ ਕਿਉਂਕਿ ਦੋਵੇਂ ਪਿਉ-ਪੁੱਤਰ ਕੋਲ ਸਵਾਰੀ ਲਈ ਖੋਤਾ ਸੀ, ਪਰ ਫ਼ਿਰ ਵੀ ਦੋਵੇਂ ਪੈਦਲ ਤੁਰੇ ਜਾ ਰਹੇ ਸਨ।

**ਪ੍ਰ.2 ਪਿਤਾ ਤੇ ਪੁੱਤਰ ਨੇ ਖੋਤੇ ਨੂੰ ਮੋਢੇ ਤੇ ਕਿਉਂ ਚੁੱਕਿਆ ਸੀ?**
ਉ. ਪਿਤਾ ਤੇ ਪੁੱਤਰ ਨੇ ਖੋਤੇ ਨੂੰ ਮੋਢੇ ਤੇ ਇਸ ਕਰਕੇ ਚੁੱਕਿਆ ਸੀ ਕਿਉਂਕਿ ਉਹਨਾਂ ਨੂੰ ਦੂਸਰੇ ਲੋਕਾਂ ਦੁਆਰਾ ਕੀਤੀ ਨੁਕਤਾਚੀਨੀ ਤੋਂ ਇਹ ਲੱਗਣ ਲੱਗ ਪਿਆ ਸੀ ਕਿ ਜੇ ਅਸੀਂ ਖੋਤੇ ਨੂੰ ਮੋਢੇ 'ਤੇ ਚੁੱਕ ਲਵਾਂਗੇ ਤਾਂ ਲੋਕ ਸਾਡੇ ਉੱਪਰ ਹੱਸਣਾ ਛੱਡ ਦੇਣਗੇ।

**ਪ੍ਰ.3 ਦਰਿਆ ਦੇ ਪੁਲ 'ਤੇ ਆ ਕੇ ਕੀ ਵਾਪਰਿਆ?**
ਉ. ਜਦੋਂ ਦੋਵੇਂ ਪਿਉ-ਪੁੱਤਰ ਦਰਿਆ ਦੇ ਪੁਲ ਤੋਂ  ਲੱਤਾਂ ਬੰਨਕੇ, ਡਾਂਗ ਉੱਪਰ ਚੁੱਕੇ ਖੋਤੇ ਨੂੰ ਲੈ ਕੇ ਲੰਘਣ ਲੱਗੇ ਤਾਂ ਅਚਾਨਕ ਖੋਤਾ ਡਾਂਗ ਤੋਂ ਫਿਸਲ ਕੇ ਦਰਿਆ ਵਿੱਚ ਡਿੱਗ ਪਿਆ ਅਤੇ ਪਾਣੀ ਦੇ ਤੇਜ਼ ਵਹਿਣ ਵਿੱਚ ਰੁੜ ਗਿਆ।

**ਪ੍ਰ.4 ਪਿਉ-ਪੁੱਤਰ ਦਾ ਨੁਕਸਾਨ ਕਿਉਂ ਹੋਇਆ?**
ਉ. ਪਿਉ-ਪੁੱਤਰ ਦਾ ਨੁਕਸਾਨ ਇਸ ਕਰਕੇ ਹੋਇਆ ਕਿਉਂਕਿ ਦੋਵੇਂ ਲੋਕਾਂ ਦੀਆਂ ਗੱਲਾਂ ਵਿੱਚ ਆ ਗਏ ਭਾਵ ਲੋਕਾਂ ਦੇ ਮਗਰ ਲੱਗੇ।

**ਪ੍ਰ.5 'ਸਾਰਾ ਜੱਗ  ਨਹੀ ਜਿੱਤਿਆ ਜਾਂਦਾ' ਇਸ ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ?**
ਉ. ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਜਦੋਂ ਅਸੀਂ ਬਿਨਾਂ ਸੋਚੇ-ਸਮਝੇ ਦੂਸਰਿਆਂ ਦੇ ਮਗਰ ਲੱਗਦੇ ਹਾਂ ਤਾਂ ਸਾਡਾ ਹਮੇਸ਼ਾ ਨੁਕਸਾਨ ਹੀ ਹੁੰਦਾ ਹੈ ਅਸੀਂ ਸਾਰੇ ਜੱਗ (ਸੰਸਾਰ) ਨੂੰ ਕਦੇ ਜਿੱਤ ਨਹੀਂ ਸਕਦੇ ਭਾਵ ਖ਼ੁਸ਼ ਨਹੀਂ ਕਰ ਸਕਦੇ।

## ਪਾਠ - 9 ਥਾਲ਼
## (ਲੇਖਕ - ਸ੍ਰੀ ਸੁਖਦੇਵ ਮਾਦਪੁਰੀ)

**ਪ੍ਰ.1 ਥਾਲ਼ ਕਿਸ ਉਮਰ ਦੀਆਂ ਕੁੜੀਆਂ ਦੀ ਖੇਡ ਹੈ?**
**ਉ.** ਜਵਾਨੀ ਦੀਆਂ ਬਰੂਹਾਂ ’ਤੇ ਖੜ੍ਹੀਆਂ ਕੁੜੀਆਂ ਦੀ ਖੇਡ ਹੈ।

**ਪ੍ਰ.2 ਥਾਲ਼ ਪਾਉਣ ਲਈ ਕਿਸ ਚੀਜ਼ ਦੀ ਵਰਤੋਂ ਕੀਤੀ ਜਾਂਦੀ ਹੈ ਤੇ ਇਹ ਖੇਡ ਕਿਵੇਂ ਖੇਡੀ ਜਾਂਦੀ ਹੈ?**
ਉ. ਥਾਲ਼ ਦੀ ਖੇਡ ਸੱਤਾਂ ਤਹਿਆਂ ਵਾਲ਼ੀ ਲੀਰਾਂ ਦੀ ਧਾਗਿਆਂ ਨਾਲ ਗੁੰਦੀ ਹੋਈ ਗੇਂਦ ਨਾਲ ਖੇਡੀ ਜਾਂਦੀ ਹੈ। ਇੱਕ ਕੁੜੀ ਇੱਕ ਹੱਥ ਨਾਲ ਖਿੱਦੋ ਨੂੰ ਹਵਾ ਵਿੱਚ ਉਛਾਲ਼ਦੀ ਹੈ। ਫਿਰ ਉਹ ਸੱਜੇ ਹੱਥ ਦੀ ਤਲ਼ੀ ’ਤੇ ਬੋਚ ਕੇ ਉਸ ਨੂੰ ਇਕਹਿਰੇ ਤਾਲ ਨਾਲ ਵਾਰ - ਵਾਰ ਬੁੜ੍ਹਕਾਉਂਦੀ ਹੈ ਅਤੇ ਥਾਲ਼ ਦੇ ਬੋਲ ਬੋਲਦੀ ਹੈ।

**ਪ੍ਰ.3 ਥਾਲ਼ ਦੀ ਖੇਡ ਵਿੱਚ ਕੁੜੀਆਂ ਦੀ ਕਿੰਨੀ ਗਿਣਤੀ ਹੁੰਦੀ ਹੈ?**
ਉ. ਕਾਫ਼ੀ ਕੁੜੀਆਂ ਰਲ਼ ਕੇ ਇਹ ਖੇਡ ਖੇਡਦੀਆਂ ਹਨ। ਗਿਣਤੀ ਕੋਈ ਨਹੀਂ ਹੁੰਦੀ।

**ਪ੍ਰ.4 ਕੁੜੀਆਂ ਥਾਲ਼ ਦੀ ਖੇਡ ਖੇਡਣ ਵੇਲੇ ਕਿਹੜੇ-ਕਿਹੜੇ ਰਿਸ਼ਤਿਆਂ ਦਾ ਵਾਰ-ਵਾਰ ਜ਼ਿਕਰ ਕਰਦੀਆਂ ਹਨ?**
ਉ. ਕੁੜੀਆਂ ਆਪਣੇ ਭੈਣ - ਭਰਾਵਾਂ, ਭਰਜਾਈਆਂ ਅਤੇ ਮਾਂ - ਬਾਪ ਦੇ ਰਿਸ਼ਤਿਆਂ ਦਾ ਵਾਰ-ਵਾਰ ਜ਼ਿਕਰ ਕਰਦੀਆਂ ਹਨ।

**ਪ੍ਰ.5 ਥਾਲ਼ ਦੀ ਖੇਡ ਵਿੱਚ ਜਿੱਤ-ਹਾਰ ਕਿਵੇਂ ਹੁੰਦੀ ਹੈ?**
ੳ. ਥਾਲ਼ ਦੀ ਖੇਡ ਵਿੱਚ ਜਿਸ ਕੁੜੀ ਦੇ ਸਭ ਤੋਂ ਵੱਧ ਥਾਲ਼ ਪਾਏ ਹੁੰਦੇ ਹਨ ਉਹ ਜਿੱਤ ਜਾਂਦੀ ਹੈ ਤੇ ਜਿਸ ਕੁੜੀ ਦੀ ਖਿੱਦੋ ਡਿੱਗ ਪਏ ਉਹ ਹਾਰ ਜਾਂਦੀ ਹੈ।

**ਪ੍ਰ.6 ਥਾਲ਼ ਪਾਠ ਵਿੱਚ ਆਏ ਪਹਿਲੇ ਥਾਲ਼ ਦੇ ਕੀ ਬੋਲ ਹਨ?**
ੳ. ਥਾਲ਼ ਥਾਲ਼ ਥਾਲ਼
ਮਾਂ ਮੇਰੀ ਦੇ ਲੰਮੇ ਵਾਲ਼
ਪਿਓ ਮੇਰਾ ਸ਼ਾਹੂਕਾਰ
ਸ਼ਾਹੂਕਾਰ ਨੇ ਬਾਗ਼ ਲਵਾਇਆ
ਅੰਦਰੋਂ ਪਾਣੀ ਰੁੜ੍ਹਦਾ ਆਇਆ
ਰੁੜ੍ਹ - ਰੁੜ੍ਹ ਪਾਣੀਆਂ ਸੁਰਮੇਦਾਨੀਆਂ
ਸੁਰਮਾ ਪਾਵਾਂ ਕੱਜਲ਼ ਪਾਵਾਂ
ਪਾਵਾਂ ਫੁੱਲ ਗੁਲਾਬ ਦਾ
ਭਾਬੀ ਮੇਰੀ ਜ਼ੁਲਫ਼ਾਂ ਵਾਲੀ
ਵੀਰ ਮੇਰਾ ਸਰਦਾਰ
ਆਲ ਮਾਲ ਹੋਇਆ
ਬੀਬੀ ਪਹਿਲਾ ਥਾਲ਼।

**ਪ੍ਰ.7 ਥਾਲ਼ ਦੇ ਬੋਲ ਕਦੋਂ ਸੁਣਾਈ ਦਿੰਦੇ ਹਨ?**
ੳ. ਕੁੜੀਆਂ ਜਦੋ ਖਿੱਦੋ ਨਾਲ ਖੇਡਦੀਆਂ ਹਨ ਤਾਂ ਥਾਲ਼ ਦੇ ਬੋਲ ਸੁਣਾਈ ਦਿੰਦੇ ਹਨ।

## ਪਾਠ-11 ਦਾਤੇ
## (ਕਹਾਣੀਕਾਰ - ਸ੍ਰੀ ਕੁਲਵੰਤ ਸਿੰਘ ਵਿਰਕ)

**ਪ੍ਰ.1 ਗੀਤਾ ਦੇ ਘਰ ਦੀ ਹਾਲਤ ਏਨੀ ਖ਼ਰਾਬ ਕਿਉਂ ਸੀ?**
ੳ. ਗੀਤਾ ਦੇ ਬੱਚੇ ਜ਼ਿਆਦਾ ਹੋਣ ਕਰਕੇ ਬਹੁਤ ਗ਼ਰੀਬੀ ਸੀ, ਮੁਸ਼ਕਲ ਨਾਲ ਘਰ ਦਾ ਅੰਨ-ਪਾਣੀ ਤੁਰਦਾ ਸੀ।

**ਪ੍ਰ.2 ਗੀਤਾ ਦਾ ਪਰਿਵਾਰ ਗਰਮੀਆਂ ਵਿੱਚ ਸਰਦੀਆਂ ਨੂੰ ਅਤੇ ਸਰਦੀਆਂ ਵਿੱਚ ਗਰਮੀਆਂ ਨੂੰ ਕਿਉਂ ਉਡੀਕਦਾ ਸੀ?**
ੳ. ਬੱਚਿਆਂ ਦੇ ਪਿਤਾ ਕੋਲ ਕਈ ਸਾਲ ਤੋਂ ਇੱਕੋਂ ਪੁਰਾਣਾ ਗਰਮ ਸੂਟ ਸੀ। ਸਰਦੀਆਂ ਵਿੱਚ ਉਹ ਗਰਮੀਆਂ ਨੂੰ ਉਡੀਕਦੇ ਕਿਉਂਕਿ ਉਦੋਂ ਗਰਮ ਕੱਪੜੇ ਨਹੀਂ ਪਾਉਣੇ ਪੈਣਗੇ।ਪਰ ਜਦੋਂ ਗਰਮੀਆਂ ਆਉਂਦੀਆਂ ਤਾਂ ਉਹ ਸਰਦੀਆਂ ਨੂੰ ਉਡੀਕਣ ਲੱਗ ਜਾਂਦੇ ।

**ਪ੍ਰ.3 ਗੀਤਾ ਨੂੰ ਆਪ ਚੂੜੀਆਂ ਚੜ੍ਹਾਉਣ ਦਾ ਹੌਂਸਲਾ ਕਿਉਂ ਨਾ ਪਿਆ?**
ੳ. ਕਿਉਂਕਿ ਗੀਤਾ ਨੇ ਜਦੋਂ ਆਪਣੀਆਂ ਕੁੜੀਆਂ ਲਈ ਚੂੜੀਆਂ ਖਰੀਦੀਆਂ ਤਾਂ ਚੂੜੀਆਂ ਦੀ ਕੀਮਤ ਇੱਕ ਰੁਪਈਆ ਪੈਂਹਠ ਪੈਸੇ ਬਣ ਗਈ ਸੀ, ਜੋ ਗੀਤਾ ਲਈ ਬਹੁਤ ਜ਼ਿਆਦਾ ਸੀ।ਇਸ ਕਰਕੇ ਗੀਤਾ ਦਾ ਆਪਣੇ ਲਈ ਚੂੜੀਆਂ ਚੜ੍ਹਾਉਣ ਦਾ ਹੌਂਸਲਾ ਨਾ ਪਿਆ।

**ਪ੍ਰ.4 ਬੱਚੇ ਆਪਣੀ ਮਾਤਾ ਲਈ ਚੂੜੀਆਂ,ਤੇਲ ਦੀ ਬੋਤਲ ਤੇ ਪਾਊਡਰ ਕਿਉਂ ਲੈ ਕੇ ਆਏ?**
ੳ. ਕਿਉਂਕਿ ਬੱਚੇ ਆਪਣੀ ਮਾਂ ਦੀ ਉਹ ਹਰ ਇੱਛਾ ਪੂਰੀ ਕਰਨਾ ਚਾਹੁੰਦੇ ਸੀ ਜੋ ਉਹ ਘਰ ਦੀ ਗ਼ਰੀਬੀ ਕਰਕੇ ਪੂਰੀ ਨਹੀਂ ਸੀ ਕਰ ਸਕਦੀ।ਇਸ ਕਰਕੇ ਉਹਨਾਂ ਨੇ ਲੱਭੇ ਹੋਏ ਦਸ ਰੁਪਏ ਦੇ ਨੋਟ ਨਾਲ ਆਪਣੀ ਮਾਂ ਨੂੰ ਚੂੜੀਆਂ, ਤੇਲ,ਪਾਊਡਰ ਆਦਿ ਚੀਜ਼ਾਂ ਲੈ ਕੇ ਦਿੱਤੀਆਂ।

**ਪ੍ਰ.5 ਦਾਤੇ ਕਹਾਣੀ ਵਿੱਚ ਦਾਤੇ ਕਿਸ ਨੂੰ ਕਿਹਾ ਗਿਆ ਹੈ ਤੇ ਕਿਉਂ?**
ੳ. ਇਸ ਕਹਾਣੀ ਵਿੱਚ ਦਾਤੇ ਗੀਤਾ ਦੇ ਪਰਿਵਾਰ ਨੂੰ ਕਿਹਾ ਗਿਆ ਹੈ ਕਿਉਂਕਿ ਦਾਤਾ ਹਮੇਸ਼ਾ ਦੂਜਿਆਂ ਨੂੰ ਦਾਨ ਕਰਨ ਵਾਲਾ ਹੁੰਦਾ ਹੈ।ਗੀਤਾ ਦੇ ਪਰਿਵਾਰ ਦੇ ਜੀਅ ਵੀ ਆਪਣੀ ਇੱਛਾ ਮਾਰ ਕੇ ਇੱਕ-ਦੂਜੇ ਦੀ ਇੱਛਾ ਦਾ ਧਿਆਨ ਰੱਖਦੇ ਸਨ, ਇਸ ਕਰਕੇ ਉਹ ਦਾਤੇ ਸਨ।